## ਅਧਿਆਇ 13

# ਨਿਹਚਾ ਤੋਂ ਮੂੰਹ ਮੋੜਨਾ (ਭਾਗ 1): ਖੋਜ ਕੱਢਣ ਵਾਲਿਆਂ ਦੀ ਕਹਾਣੀ

ਗਿਣਤੀ ਦੀ ਪੁਸਤਕ ਵਿਚ ਮੁੱਖ ਘਟਨਾ - ਅਤੇ ਪੁਰਾਣੇ ਨੇਮ ਦੇ ਇਤਹਾਸ ਵਿਚ ਸਭ ਤੋਂ ਮਹੱਤਵਪੂਰਣ ਘਟਨਾਵਾਂ ਵਿੱਚੋਂ ਇਕ[1] - 13 ਅਤੇ 14 ਅਧਿਆਵਾਂ ਵਿਚ ਦਰਜ ਹੈ। ਇਹ ਉਜਾੜ ਵਿਚ ਇਸਰਾਏਲੀਆਂ ਦਾ ਨਿਹਚਾ ਤੋਂ ਮੂੰਹ ਮੋੜਨਾ, ਮੂਸਾ ਦੁਆਰਾ ਉਨ੍ਹਾਂ ਖੋਜ ਕੱਢਣ ਵਾਲਿਆਂ ਦੀ ਕਹਾਣੀ ਨੂੰ ਸੁਣਾਉਣਾ ਜਿਨ੍ਹਾਂ ਨੂੰ ਕਨਾਨ ਵਿਚ ਘੱਲਿਆ ਗਿਆ ਸੀ, ਉਨ੍ਹਾਂ ਦੀ ਰਪੋਟ ਦੇ ਪ੍ਰਤੀ ਇਸਰਾਏਲੀਆਂ ਦੀ ਨਕਾਰਾਤਮਕ ਪ੍ਰਤੀਕਿਰਿਆ ਅਤੇ ਪਰਜਾ ਦੀ ਵਫ਼ਾਦਾਰੀ ਦੇ ਪ੍ਰਤੀ ਪਰਮੇਸ਼ੁਰ ਦਾ ਜਵਾਬ ਹੈ।

ਖੋਜ ਕੱਢਣ ਵਾਲਿਆਂ ਨੂੰ ਕਨਾਨ ਦੀ ਸਾਰੀ ਧਰਤੀ ਦਾ ਸਰਵੇਖਣ ਕਰਨ ਦੇ ਲਈ ਘੱਲਿਆ ਗਿਆ ਸੀ (ਅਧਿਆਇ 13)। ਚਾਲੀ ਦਿਨਾਂ ਦੇ ਬਾਅਦ ਜਦੋਂ ਉਹ ਵਾਪਸ ਪਰਤੇ, ਉਨ੍ਹਾਂ ਨੇ ਦੱਸਿਆ ਕਿ ਉਹ ਧਰਤੀ ਸੱਚਮੁੱਚ ਫਲਦਾਰ ਹੈ ਪਰ ਇਸ ਦੇ ਸ਼ਹਿਰ ਗੜ੍ਹਾਂ ਵਾਲੇ ਹਨ ਅਤੇ ਇਸ ਦੇ ਲੋਕ ਵਧੀਕ ਅਤੇ ਬਲਵਾਨ ਸਨ। ਖੋਜ ਕੱਢਣ ਵਾਲਿਆਂ ਵਿੱਚੋਂ ਇਕ ਨੇ ਜਿਸ ਦਾ ਨਾਮ ਕਾਲੇਬ ਸੀ, ਜ਼ੋਰ ਦੇ ਕੇ ਆਖਿਆ ਕਿ ਇਸਰਾਏਲੀ ਉਸ ਦੇਸ ਉੱਤੇ ਕਬਜ਼ਾ ਕਰ ਸਕਦੇ ਹਨ; ਪਰ ਖੋਜ ਕੱਢਣ ਵਾਲਿਆਂ ਵਿੱਚੋਂ ਜ਼ਿਆਦਾਤਰ ਨੇ ਜ਼ੋਰ ਦੇ ਕੇ ਆਖਿਆ ਕਿ ਉਸ ਦੇਸ ਉੱਤੇ ਕਬਜ਼ਾ ਨਹੀਂ ਕੀਤਾ ਜਾ ਸਕਦਾ, ਖਾਸਕਰ ਇਸ ਲਈ ਕਿਉਂਕਿ ਇਸ ਦੇਸ ਦੇ ਲੋਕ "ਵੱਡੇ-ਵੱਡੇ ਕੱਦਾਂ ਵਾਲੇ" ਸਨ। ਉਨ੍ਹਾਂ ਨੇ ਆਖਿਆ ਕਿ ਇਸਰਾਏਲੀ ਉਨ੍ਹਾਂ ਦੀ ਤੁਲਨਾ ਵਿਚ "ਟਿੱਡਿਆਂ" ਵਰਗੇ ਸਨ। ਲੋਕਾਂ ਨੇ ਕਾਲੇਬ ਦੀ ਗੱਲ ਨੂੰ ਮੰਨਣ ਦੀ ਬਜਾਇ ਖੋਜ ਕੱਢਣ ਵਾਲਿਆਂ ਦੀ "ਵੱਧ ਗਿਣਤੀ ਰਪੋਟ" ਤੇ ਵਿਸ਼ਵਾਸ ਕਰ ਲਿਆ (ਅਧਿਆਇ 4)।

## ਖੋਜ ਕੱਢਣ ਵਾਲਿਆਂ ਦੀ ਚੋਣ (13:1-16)

**1 ਯਹੋਵਾਹ ਮੂਸਾ ਨੂੰ ਬੋਲਿਆ, 2 ਤੂੰ ਮਨੁੱਖ ਘੱਲ ਕਿ ਓਹ ਕਨਾਨ ਦੇਸ ਦੀ ਖੋਜ ਕੱਢਣ ਜਿਹੜਾ
ਮੈਂ ਇਸਰਾਏਲੀਆਂ ਨੂੰ ਦਿੰਦਾ ਹਾਂ। ਉਨ੍ਹਾਂ ਦੇ ਪਿਉ ਦਾਦਿਆਂ ਦਿਆਂ ਗੋਤਾਂ ਤੋਂ ਇੱਕ ਇੱਕ ਮਨੁੱਖ
ਜਿਹੜਾ ਉਨ੍ਹਾਂ ਵਿੱਚ ਪਰਧਾਨ ਹੋਵੇ ਤੁਸੀਂ ਘੱਲੋ। 3 ਸੋ ਮੂਸਾ ਨੇ ਉਨ੍ਹਾਂ ਨੂੰ ਪਾਰਾਨ ਦੀ ਉਜਾੜ ਤੋਂ
ਯਹੋਵਾਹ ਦੇ ਹੁਕਮ ਅਨੁਸਾਰ ਘੱਲਿਆ। ਏਹ ਸਾਰੇ ਮਨੁੱਖ ਇਸਰਾਏਲੀਆਂ ਦੇ ਮੁਖੀਏ ਸਨ 4 ਅਤੇ
ਏਹ ਉਨ੍ਹਾਂ ਦੇ ਨਾਉਂ ਸਨ, - ਰਊਬੇਨ ਦੇ ਗੋਤ ਤੋਂ ਜ਼ਕੂਰ ਦਾ ਪੁੱਤ੍ਰ ਸ਼ੰਮੂਆ। 5 ਸ਼ਿਮਓਨ ਦੇ ਗੋਤ ਤੋਂ
ਹੋਰੀ ਦਾ ਪੁੱਤ੍ਰ ਸ਼ਾਫ਼ਾਟ। 6 ਯਹੂਦਾਹ ਦੇ ਗੋਤ ਤੋਂ ਯਫ਼ੁੰਨਹ ਦਾ ਪੁੱਤ੍ਰ ਕਾਲੇਬ। 7 ਯਿੱਸਾਕਾਰ ਦੇ ਗੋਤ
ਤੋਂ ਯੂਸੁਫ਼ ਦਾ ਪੁੱਤ੍ਰ ਯਿਗਾਲ। 8 ਅਫ਼ਰਈਮ ਦੇ ਗੋਤ ਤੋਂ ਨੂਨ ਦਾ ਪੁੱਤ੍ਰ ਹੋਸ਼ੇਆ। 9 ਬਿਨਯਾਮੀਨ ਦੇ
ਗੋਤ ਤੋਂ ਰਾਫੂ ਦਾ ਪੁੱਤ੍ਰ ਪਲਟੀ। 10 ਜ਼ਬੂਲੁਨ ਦੇ ਗੋਤ ਤੋਂ ਸੋਦੀ ਦਾ ਪੁੱਤ੍ਰ ਗੱਦੀਏਲ। 11 ਯੂਸੁਫ਼ ਦੇ ਗੋਤ
ਤੋਂ ਅਰਥਾਤ ਮਨੱਸ਼ਹ ਦੇ ਗੋਤ ਤੋਂ ਸੂਸੀ ਦਾ ਪੁੱਤ੍ਰ ਗੱਦੀ। 12 ਦਾਨ ਦੇ ਗੋਤ ਤੋਂ ਗਮੱਲੀ ਦਾ ਪੁੱਤ੍ਰ**

**ਅੰਮੀਏਲ। [13]ਆਸ਼ੇਰ ਦੇ ਗੋਤ ਤੋਂ ਮੀਕਾਏਲ ਦਾ ਪੁੱਤ੍ਰ ਸਥੂਰ। [14]ਨਫ਼ਤਾਲੀ ਦੇ ਗੋਤ ਤੋਂ ਵਾਫ਼ਸੀ ਦਾ ਪੁੱਤ੍ਰ ਨਹਬੀ। [15]ਗਾਦ ਦੇ ਗੋਤ ਤੋਂ ਮਾਕੀ ਦਾ ਪੁੱਤ੍ਰ ਗਊਏਲ। [16]ਏਹ ਉਨ੍ਹਾਂ ਮਨੁੱਖਾਂ ਦੇ ਨਾਉਂ ਹਨ ਜਿਨ੍ਹਾਂ ਨੂੰ ਮੂਸਾ ਦੇ ਦੇਸ ਦੀ ਖੋਜ ਕੱਢਣ ਲਈ ਘੱਲਿਆ ਅਤੇ ਮੂਸਾ ਨੇ ਨੂਨ ਦੇ ਪੁੱਤ੍ਰ ਹੋਸ਼ੇਆ ਦਾ ਨਾਉਂ ਯਹੋਸ਼ੁਆ ਰੱਖਿਆ।**

**ਆਇਤਾਂ 1-3. ਪਾਰਾਨ ਦੀ ਉਜਾੜ** ਵਿਚ ਕਾਦੇਸ਼ ਕੋਲ (12:16; 13:26; ਬਿਵਸਥਾ ਸਾਰ 1:19),[2] ਬਾਰਾਂ ਖੋਜ ਕੱਢਣ ਵਾਲਿਆਂ ਨੂੰ ਸੀਨਈ ਤੋਂ ਜਾਣ ਤੋਂ ਕੁਝ ਮਹੀਨਿਆਂ ਬਾਅਦ ਚੁਣਿਆ ਗਿਆ ਸੀ। ਇਸਰਾਏਲੀ "ਦੂਜੇ ਮਹੀਨੇ ਵਿਚ" (10:11), ਜ਼ਿਵ ਦੇ ਮਹੀਨੇ (ਅਪ੍ਰੈਲ-ਮਈ) ਵਿਚ ਸੀਨਈ ਨੂੰ ਛੱਡ ਕੇ ਗਏ ਸਨ ਅਤੇ ਕਾਦੇਸ਼ ਵੱਲ ਨੂੰ ਸਫ਼ਰ ਕਰਦਿਆਂ ਘੱਟੋ-ਘੱਟ ਗਿਆਰਾਂ ਦਿਨ ਲੱਗੇ ਹੋਣਗੇ (ਬਿਵਸਥਾ ਸਾਰ 1:2)। ਖੋਜ ਕੱਢਣ ਵਾਲਿਆਂ ਨੂੰ ਕਾਦੇਸ਼ ਤੋਂ "ਪਹਿਲੀ ਪੱਕੀ ਦਾਖ ਦੇ ਸਮੇਂ" ਭੇਜਿਆ ਗਿਆ ਸੀ (13:20), ਜੋ ਕਿ ਜੁਲਾਈ ਦੇ ਅੰਤ ਜਾਂ ਅਗਸਤ ਦੇ ਸ਼ੁਰੂ ਦਾ ਸਮਾਂ ਹੋਵੇਗਾ। ਮੂਸਾ ਨੇ **ਯਹੋਵਾਹ ਦੇ ਹੁਕਮ ਅਨੁਸਾਰ** (13:3), ਬਾਰਾਂ ਮਨੁੱਖਾਂ ਨੂੰ, ਗੋਤਾਂ ਤੋਂ ਇਕ ਇਕ ਮਨੁੱਖ, **ਕਨਾਨ ਦੇਸ ਦੀ ਖੋਜ ਕੱਢਣ** ਲਈ, ਚੁਣਿਆ (13:2)। NIV ਬਾਈਬਲ ਵਿਚ "ਖੋਜ ਕੱਢਣ" ਦੀ ਥਾਂ "ਪੜਚੋਲ ਕਰਨਾ" ਹੈ।

ਇਹ ਬਾਰਾਂ ਮਨੁੱਖ ਪਰਧਾਨ ਸਨ: **ਉਨ੍ਹਾਂ ਦੇ ਪਿਉ ਦਾਦਿਆਂ ਦਿਆਂ ਗੋਤਾਂ ਤੋਂ ਇੱਕ ਇੱਕ ਮਨੁੱਖ ਜਿਹੜਾ ਉਨ੍ਹਾਂ ਵਿੱਚ ਪਰਧਾਨ ਹੋਵੇ ... ਏਹ ਸਾਰੇ ਮਨੁੱਖ ਇਸਰਾਏਲੀਆਂ ਦੇ ਮੁਖੀਏ ਸਨ**। ਇਹ ਉਨ੍ਹਾਂ ਵਿੱਚੋਂ ਨਹੀਂ ਸਨ ਜਿਨ੍ਹਾਂ ਨੂੰ ਪਹਿਲਾਂ ਵੱਖ-ਵੱਖ ਗੋਤਾਂ ਦੇ ਮੁਖੀਏ ਕਿਹਾ ਗਿਆ ਸੀ (ਅਧਿਆਇ 1; 2; 7; 10)। ਸ਼ਾਇਦ, ਇਹ ਪਰਧਾਨ ਉਨ੍ਹਾਂ ਮੁਖੀਆਂ ਨਾਲੋਂ ਜ਼ਿਆਦਾ ਜਵਾਨ ਅਤੇ ਜ਼ਿਆਦਾ ਤਾਕਤਵਰ ਸਨ ਜਿਨ੍ਹਾਂ ਦਾ ਪਹਿਲਾਂ ਜ਼ਿਕਰ ਕੀਤਾ ਗਿਆ ਸੀ।

**ਆਇਤਾਂ 4-15.** ਮਨੁੱਖ ਜਿਨ੍ਹਾਂ ਨੂੰ ਭੇਜਿਆ ਗਿਆ ਸੀ ਉਨ੍ਹਾਂ ਦੇ ਨਾਮ ਇਨ੍ਹਾਂ ਆਇਤਾਂ ਵਿਚ ਦਿੱਤੇ ਗਏ ਹਨ:

| *ਗੋਤ* | *ਮੁਖੀ* |
|---|---|
| **ਰਊਬੇਨ** | **ਸ਼ੰਮੂਆ** |
| **ਸ਼ਿਮਓਨ** | **ਸ਼ਾਫ਼ਾਟ** |
| **ਯਹੂਦਾਹ** | **ਕਾਲੇਬ** |
| **ਯਿੱਸਾਕਾਰ** | **ਯਿਗਾਲ** |
| **ਅਫ਼ਰਈਮ** | **ਹੋਸ਼ੇਆ** |
| **ਬਿਨਯਾਮੀਨ** | **ਪਲਟੀ** |
| **ਜ਼ਬੂਲੁਨ** | **ਗੱਦੀਏਲ** |
| **ਮਨੱਸ਼ਹ** | **ਗੱਦੀ** |
| **ਦਾਨ** | **ਅੰਮੀਏਲ** |
| **ਆਸ਼ੇਰ** | **ਸਥੂਰ** |
| **ਨਫ਼ਤਾਲੀ** | **ਨਹਬੀ** |
| **ਗਾਦ** | **ਗਊਏਲ** |

**ਆਇਤ 16.** ਉਨ੍ਹਾਂ ਮਨੁੱਖਾਂ ਵਿੱਚੋਂ ਇਕ ਮਨੁੱਖ ਬਾਕੀਆਂ ਨਾਲੋਂ ਅਲੱਗ ਸੀ। ਉਸ ਦਾ ਨਾਮ **ਨੂਨ ਦਾ ਪੁੱਤ੍ਰ ਹੋਸ਼ੇਆ** ਸੀ, ਪਰ **ਮੂਸਾ ਨੇ ਹੋਸ਼ੇਆ ਦਾ ਨਾਉਂ ਯਹੋਸ਼ੁਆ ਰੱਖਿਆ**। "ਹੋਸ਼ੇਆ" ਦਾ ਅਰਥ ਹੈ "ਉਸ ਨੇ ਬਚਾਇਆ ਹੈ," ਜਦ ਕਿ "ਯਹੋਸ਼ੁਆ" ਦਾ ਅਰਥ ਹੈ "ਯਹੋਵਾਹ ਮੁਕਤੀ ਹੈ।"[3] "ਯਹੋਸ਼ੁਆ"

ਦੇ ਯੂਨਾਨੀ ਰੂਪ ਤੋਂ ਸਾਨੂੰ "ਯਿਸੂ" ਨਾਮ ਮਿਲਿਆ ਹੈ (ਵੇਖੋ ਮੱਤੀ 1:21)। ਮੂਲ ਲਿਖਤ ਇਹ ਨਹੀਂ ਦੱਸਦੀ ਕਿ ਹੋਸ਼ੇਆ ਦਾ ਨਾਮ ਕਦੋਂ ਅਤੇ ਕਿਉਂ ਬਦਲਿਆ ਗਿਆ ਸੀ; ਪਰ ਪੁਰਾਣਾ ਨੇਮ ਹੋਰ ਕਈ ਨਾਵਾਂ ਦੇ ਬਦਲਣ ਬਾਰੇ ਦੱਸਦਾ ਹੈ, ਜਿਸ ਵਿਚ "ਅਬਰਾਮ" ਤੋਂ "ਅਬਰਾਹਾਮ," "ਸਾਰਈ" ਤੋਂ "ਸਾਰਾਹ" ਅਤੇ "ਯਾਕੂਬ" ਤੋਂ "ਇਸਰਾਏਲ" ਸ਼ਾਮਲ ਹਨ (ਉਤਪਤ 17:5, 15; 32:28)।

ਗਿਣਤੀ ਦੀ ਪੁਸਤਕ ਵਿਚ ਯਹੋਸ਼ੁਆ ਦਾ ਪਹਿਲਾਂ ਹੀ "ਮੂਸਾ ਦੇ ਸੇਵਕ" ਵਜੋਂ ਜ਼ਿਕਰ ਕੀਤਾ ਜਾ ਚੁੱਕਾ ਹੈ; ਉਸ ਨੇ ਮੂਸਾ ਦੇ ਅਹੁਦੇ ਅਤੇ ਇਖ਼ਤਿਆਰ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਸੀ (11:28)। ਬਾਕੀ ਦੀ ਸਾਰੀ ਪੁਸਤਕ ਵਿਚ, ਯਹੋਸ਼ੁਆ (ਕਾਲੇਬ ਦੇ ਨਾਲ) ਦਲੇਰ ਮਨੁੱਖ ਦੇ ਰੂਪ ਵਿਚ ਉਭਰ ਕੇ ਸਾਹਮਣੇ ਆਉਂਦਾ ਹੈ, ਜਿਸ ਨੂੰ ਉਸ ਦੀ ਵਫ਼ਾਦਾਰੀ ਦੇ ਲਈ ਪਰਮੇਸ਼ੁਰ ਦੁਆਰਾ ਇਨਾਮ ਦਿੱਤਾ ਗਿਆ ਹੈ (14:6-10, 30, 38; 26:65; 32:11, 12)। ਆਖ਼ਰਕਾਰ, ਯਹੋਸ਼ੁਆ ਇਸਰਾਏਲ ਦੇ ਆਗੂ ਦੇ ਰੂਪ ਵਿਚ ਮੂਸਾ ਦੀ ਥਾਂ ਲੈਂਦਾ ਹੈ (27:15-23; 32:28; 34:17)।

## ਖੋਜ ਕੱਢਣ ਵਾਲਿਆਂ ਦਾ ਮਿਸ਼ਨ (13:17-20)

**[17]ਸੋ ਮੂਸਾ ਨੇ ਉਨ੍ਹਾਂ ਨੂੰ ਕਨਾਨ ਦੇਸ ਦੇ ਖੋਜ ਕੱਢਣ ਲਈ ਘੱਲਿਆ ਅਤੇ ਉਨ੍ਹਾਂ ਨੂੰ ਆਖਿਆ, ਐਧਰ ਦੱਖਣ ਵੱਲ ਉੱਪਰ ਨੂੰ ਜਾਓ ਅਤੇ ਪਹਾੜ ਉੱਤੇ ਚੜ੍ਹੋ। [18]ਅਤੇ ਦੇਸ ਨੂੰ ਵੇਖੋ ਭਈ ਉਹ ਕੇਹੋ ਜਿਹਾ ਹੈ ਨਾਲੇ ਓਹ ਲੋਕ ਜਿਹੜੇ ਉਸ ਵਿੱਚ ਵੱਸਦੇ ਹਨ ਤਕੜੇ ਹਨ ਯਾ ਮਾੜੇ ਹਨ ਅਤੇ ਥੋੜੇ ਹਨ ਯਾ ਬਹੁਤੇ ਹਨ। [19]ਅਤੇ ਉਹ ਧਰਤੀ ਕੇਹੋ ਜੇਹੀ ਹੈ ਜਿਹ ਦੇ ਵਿੱਚ ਓਹ ਵੱਸਦੇ ਹਨ, ਚੰਗੀ ਹੈ ਯਾ ਮਾੜੀ ਅਤੇ ਸ਼ਹਿਰ ਕੇਹੋ ਜਿਹੇ ਹਨ ਜਿਨ੍ਹਾਂ ਵਿੱਚ ਓਹ ਵੱਸਦੇ ਹਨ, ਤੰਬੂਆਂ ਵਾਲੇ ਹਨ ਯਾ ਗੜ੍ਹਾਂ ਵਾਲੇ [20]ਅਤੇ ਧਰਤੀ ਕੇਹੋ ਜਿਹੀ ਹੈ, ਫਲਦਾਰ ਯਾ ਬੰਜਰ ਅਤੇ ਉਹ ਦੇ ਵਿੱਚ ਬਿਰਛ ਹਨ ਕਿ ਨਹੀਂ। ਤੁਸੀਂ ਤਕੜੇ ਹੋਵੋ ਅਤੇ ਉਸ ਧਰਤੀ ਦੇ ਫਲ ਤੋਂ ਕੁਝ ਲਿਆਇਓ ਕਿਉਂ ਜੋ ਉਹ ਮੌਸਮ ਪਹਿਲੀ ਪੱਕੀ ਦਾਖ ਦਾ ਸੀ।**

**ਆਇਤਾਂ 17-20.** ਮੂਸਾ ਨੇ ਫਿਰ ਖੋਜ ਕੱਢਣ ਵਾਲਿਆਂ ਨੂੰ ਉਨ੍ਹਾਂ ਦਾ ਮਿਸ਼ਨ ਸੌਂਪਿਆ। ਉਨ੍ਹਾਂ ਨੇ **ਦੱਖਣ ਵੱਲ** ਅਤੇ ਫਿਰ ਉੱਤਰ ਅਤੇ ਫਿਰ **ਪਹਾੜ** ਉੱਤੇ ਜਾਣਾ ਸੀ। ਉਨ੍ਹਾਂ ਨੇ ਹੇਠਾਂ ਦਿੱਤੀਆਂ ਚੀਜ਼ਾਂ ਤੇ ਜਾਂਚ ਕਰਕੇ ਰਪੋਟ ਦੇਣੀ ਸੀ:

1. **ਧਰਤੀ** - ਕੀ ਇਹ **ਚੰਗੀ ਯਾ ਮਾੜੀ** ਸੀ? ਕੀ ਉੱਥੇ **ਬਿਰਛ** ਸਨ? ਕੀ ਇਹ ਬੰਜਰ ਜਾਂ ਉਪਜਾਊ ਸੀ? ਉਨ੍ਹਾਂ ਨੇ ਇਸ ਦੇ ਫਲਦਾਰ ਹੋਣ ਦਾ ਸਬੂਤ ਲੈ ਕੇ ਆਉਣਾ ਸੀ। ਖੋਜ ਕੱਢਣ ਵਾਲਿਆਂ ਦਾ ਮਿਸ਼ਨ **ਪਹਿਲੀ ਪੱਕੀ ਦਾਖ ਦੇ ਮੌਸਮ** ਵਿਚ ਸੀ, ਜੁਲਾਈ ਦੇ ਅੰਤ ਵਿਚ ਜਾਂ ਅਗਸਤ ਦੀ ਸ਼ੁਰੂਆਤ ਵਿਚ (13:20)। ਸ਼ਾਇਦ ਲੇਖਕ ਨੇ ਇਹ ਟਿੱਪਣੀ ਇਹ ਸਮਝਾਉਣ ਦੇ ਲਈ ਕੀਤੀ ਸੀ ਕਿ ਖੋਜ ਕੱਢਣ ਵਾਲੇ ਪੱਕੀ ਦਾਖ ਨੂੰ ਲਿਆਉਣ ਵਿਚ ਕਿਉਂ ਸਮਰੱਥ ਸਨ (13:23)।
2. **ਲੋਕ** - ਕੀ ਉਹ **ਤਕੜੇ ਯਾ ਮਾੜੇ** ਸਨ? ਕੀ ਉਹ **ਥੋੜੇ ਯਾ ਬਹੁਤੇ** ਸਨ?
3. **ਸ਼ਹਿਰ** - ਕੀ ਉਹ **ਤੰਬੂਆਂ ਵਾਲੇ ਯਾ ਗੜ੍ਹਾਂ** ਵਾਲੇ ਸਨ?

ਇਸ ਮਿਸ਼ਨ ਦਾ ਕਾਰਣ ਨਹੀਂ ਦਿੱਤਾ ਗਿਆ ਹੈ। ਇਸ ਨੂੰ ਇਕ ਉਚਿਤ ਸੈਨਕ ਸ਼ੜਯੰਤਰ ਸਮਝਿਆ ਜਾ ਸਕਦਾ ਹੈ: ਕੋਈ ਵੀ ਸੈਨਾ ਜਦੋਂ ਕਿਸੇ ਦੇਸ ਤੇ ਹਮਲਾ ਕਰਦੀ ਹੈ ਉਸ ਤੋਂ ਪਹਿਲਾਂ ਇਸ ਦੇ ਲਈ ਆਪਣੇ ਦੁਸ਼ਮਣ ਬਾਰੇ ਜਿੰਨਾ ਜ਼ਿਆਦਾ ਸੰਭਵ ਹੋ ਸਕੇ ਜਾਣਨਾ ਜ਼ਰੂਰੀ ਹੁੰਦਾ ਹੈ। ਸਪੱਸ਼ਟ ਰੂਪ ਵਿਚ, ਖੋਜ ਕੱਢਣ ਵਾਲਿਆਂ ਜਾਂ ਜਾਸੂਸਾਂ ਨੂੰ ਭੇਜਣਾ (ਵੇਖੋ NJPSV) ਪੁਰਾਣੇ ਨੇਮ

ਦੇ ਸਮਿਆਂ ਵਿਚ ਆਮ ਗੱਲ ਸੀ। ਜਾਸੂਸੀ ਕਰਨ ਦੀਆਂ ਹੋਰ ਮੁਹਿੰਮਾਂ ਬਾਰੇ ਗਿਣਤੀ 21:32; ਯਹੋਸ਼ੁਆ 2:1-24; 7:2, 3 ਅਤੇ ਨਿਆਈਆਂ 1:23; 18:1-10 ਵਿਚ ਲਿਖਿਆ ਗਿਆ ਹੈ। ਯੂਸੁਫ਼ ਨੇ ਆਪਣੇ ਭਰਾਵਾਂ ਤੇ, ਜਿਹੜੇ ਕਨਾਨ ਤੋਂ ਮਿਸਰ ਵਿਚ ਆਏ ਸਨ, ਖੋਜੀ ਹੋਣ ਦਾ ਦੋਸ਼ ਲਾਇਆ ਸੀ (ਉਤਪਤ 42:9)।

ਸ਼ਾਇਦ ਖੋਜ ਕੱਢਣ ਵਾਲਿਆਂ ਨੂੰ ਭੇਜਣ ਦਾ ਇਕ ਉਦੇਸ਼ ਇਸਰਾਏਲੀਆਂ ਨੂੰ ਇਹ ਸੁਣਨ ਦੇਣ ਦੁਆਰਾ ਉਤਸ਼ਾਹਿਤ ਕਰਨਾ ਹੋਵੇਗਾ ਕਿ ਉਹ ਦੇਸ ਕਿੰਨਾ ਸ਼ਾਨਦਾਰ ਸੀ ਜੋ ਪਰਮੇਸ਼ੁਰ ਉਨ੍ਹਾਂ ਨੂੰ ਦੇਣ ਜਾ ਰਿਹਾ ਸੀ, ਉਹ ਦੇਸ ਜਿੱਥੇ "ਦੁੱਧ ਅਤੇ ਸ਼ਹਿਤ ਵਗਦਾ ਹੈ" (13:27)। ਇਕ ਹੋਰ ਸੰਭਾਵਨਾ ਇਹ ਹੈ ਕਿ ਪਰਮੇਸ਼ੁਰ ਨੇ ਖੋਜ ਕੱਢਣ ਵਾਲਿਆਂ ਨੂੰ ਇਸ ਲਈ ਭੇਜਿਆ ਸੀ ਕਿਉਂਕਿ ਉਹ ਪਹਿਲਾਂ ਤੋਂ ਜਾਣਦਾ ਸੀ ਕਿ ਉਨ੍ਹਾਂ ਨੂੰ ਉੱਥੇ ਕੀ ਮਿਲੇਗਾ ਅਤੇ ਇਸੇ ਕਰਕੇ ਪਰਮੇਸ਼ੁਰ ਨੇ ਉਨ੍ਹਾਂ ਨੂੰ ਉਹ ਆਪਣੇ ਨਾਲ ਲੈ ਕੇ ਆਉਣ ਅਤੇ ਉਸ ਦੇਸ ਦੀ ਰਪੋਟ ਦੇਣ ਦੇ ਲਈ ਆਖਿਆ ਸੀ ਤਾਂ ਕਿ ਉਹ ਇਸਰਾਏਲੀਆਂ ਦੀ ਨਿਹਚਾ ਨੂੰ ਪਰਖ ਸਕੇ। ਕੀ ਉਹ ਪਰਮੇਸ਼ੁਰ ਦੇ ਆਪਣੇ ਵਾਅਦਿਆਂ ਨੂੰ ਪੂਰਾ ਕਰਨ ਦੇ ਲਈ ਉਸ ਤੇ ਭਰੋਸਾ ਕਰਨਗੇ ਜਾਂ ਨਹੀਂ? ਜੇਕਰ ਇਸ ਤਰ੍ਹਾਂ ਹੈ, ਤਾਂ ਉਸ ਦੀ ਪਰਜਾ ਇਸ ਪਰਖ ਵਿਚ ਅਸਫ਼ਲ ਰਹੀ ਸੀ।

## ਖੋਜ ਕੱਢਣ ਵਾਲਿਆਂ ਦੁਆਰਾ ਖੋਜ (13:21-24)

**21ਸੋ ਉਨ੍ਹਾਂ ਉੱਪਰ ਜਾ ਕੇ ਧਰਤੀ ਦਾ ਖੋਜ ਕੱਢਿਆ ਸੀਨ ਦੀ ਉਜਾੜ ਤੋਂ ਰਹੋਬ ਤੀਕ ਜਿਹੜਾ ਹਮਾਥ ਦੇ ਰਾਹ ਉੱਤੇ ਹੈ। 22ਤਾਂ ਓਹ ਦੱਖਣ ਵੱਲ ਚੜ੍ਹੇ ਅਤੇ ਹਬਰੋਨ ਤੀਕ ਆਏ ਅਤੇ ਉੱਥੇ ਆਨਾਕ ਦੀ ਅੰਸ ਦੇ ਅਹੀਮਾਨ ਸ਼ੇਸ਼ਈ ਅਤੇ ਤਲਮਈ ਸਨ ਅਤੇ ਹਬਰੋਨ ਮਿਸਰ ਦੇ ਸੋਆਨ ਤੋਂ ਸੱਤ ਵਰ੍ਹੇ ਪਹਿਲਾਂ ਬਣਿਆ ਸੀ। 23ਫੇਰ ਓਹ ਅਸ਼ਕੋਲ ਦੀ ਦੂਣ ਤੀਕ ਆਏ ਅਤੇ ਉੱਥੇ ਦਾਖ ਦੇ ਗੁੱਛੇ ਦੀ ਟਹਿਣੀ ਤੋੜੀ ਅਤੇ ਉਹ ਨੂੰ ਇੱਕ ਲਾਠੀ ਉੱਤੇ ਦੋ ਮਨੁੱਖ ਚੁੱਕ ਕੇ ਲਿਆਏ ਨਾਲੇ ਅਨਾਰ ਅਤੇ ਹਜੀਰਾਂ ਲਿਆਏ। 24ਅਤੇ ਉਸ ਗੁੱਛੇ ਦੇ ਕਾਰਨ ਜਿਹੜਾ ਇਸਰਾਏਲੀਆਂ ਨੇ ਉੱਥੇ ਤੋੜਿਆ ਸੀ ਉਸ ਥਾਂ ਦਾ ਨਾਉਂ ਅਸ਼ਕੋਲ ਦੀ ਦੂਣ ਪੈ ਗਿਆ।**

**ਆਇਤਾਂ 21, 22.** ਖੋਜ ਕੱਢਣ ਵਾਲਿਆਂ ਨੇ ਉਹੀ ਕੀਤਾ ਜੋ ਉਨ੍ਹਾਂ ਨੂੰ ਕਰਨ ਦਾ ਹੁਕਮ ਦਿੱਤਾ ਗਿਆ ਸੀ। ਉਨ੍ਹਾਂ ਨੇ ਕਨਾਨ ਦੇਸ ਦੇ ਦੂਰ ਦੱਖਣ ਵਿਚ **ਸੀਨ ਦੀ ਉਜਾੜ** ਵਿਚ ਸ਼ੁਰੂਆਤ ਕੀਤੀ ਸੀ। ਜੇਕਰ "ਮ੍ਰਿਤ ਸਾਗਰ ਦੇ ਦੱਖਣੀ ਰਾਹ ਅਤੇ ਭੂਮੱਧ ਸਾਗਰ ਵਿਚਕਾਰ ਇਕ ਕਾਲਪਨਿਕ ਲਕੀਰ ਖਿੱਚੀ ਜਾਂਦੀ," "ਸੀਨ ਦੀ ਉਜਾੜ" ਉਸ ਲਕੀਰ ਦੇ ਦੱਖਣ ਵੱਲ ਸਥਿਤ ਹੋਵੇਗੀ।[4] ਇਸ ਉਜਾੜ ਤੋਂ, ਉਹ **ਦੱਖਣ** ਵਿੱਚੋਂ ਹੁੰਦੇ ਹੋਏ ਪਹਾੜੇ ਦੇਸ ਵੱਲ ਚੜ੍ਹੇ ਜੋ ਕਿ ਭੂਮੱਧ ਸਾਗਰ ਅਤੇ ਯਰਦਨ ਨਦੀ ਦੇ ਵਿਚਕਾਰ ਸੀ। ਖੋਜ ਕੱਢਣ ਵਾਲੇ ਫਲਿਸਤੀਨ ਦੇ ਉੱਤਰੀ ਹਿੱਸੇ ਵਿਚ **ਰਹੋਬ ਤੀਕ ਜਿਹੜਾ ਹਮਾਥ ਦੇ ਰਾਹ ਉੱਤੇ ਹੈ** ਆਏ। "ਰਹੋਬ" ਦੀ ਥਾਂ ਵਿਵਾਦਿਤ ਹੈ। ਕੁਝ ਲੋਕ ਸੋਚਦੇ ਹਨ ਕਿ ਇਹ ਦੂਰ ਦੰਮਿਸਕ ਦੇ ਉੱਤਰ ਵਿਚ ਸਥਿਤ ਸੀ (ਵੇਖੋ ਹਿਜ਼ਕੀਏਲ 47:15-18), ਜਦ ਕਿ ਕਈ ਇਸ ਨੂੰ ਲਾਇਸ਼ (ਦਾਨ) ਦੇ ਨੇੜੇ ਰੱਖਦੇ ਹਨ (ਵੇਖੋ ਨਿਆਈਆਂ 18:27, 28)। ਕਈ ਬੰਦਾਂ ਵਿਚ, "ਹਮਾਥ" ਜਾਂ "ਹਮਾਥ ਦੇ ਰਾਹ" ਨੂੰ ਦੇਸ ਦਾ ਉੱਤਰੀ ਸਿਰਾ ਸਮਝਿਆ ਗਿਆ ਹੈ (34:8; ਯਹੋਸ਼ੁਆ 13:5; 1 ਰਾਜਿਆਂ 8:65; 2 ਰਾਜਿਆਂ 14:25; ਆਮੋਸ 6:14)। ਸਹੀ ਥਾਂ ਭਾਵੇਂ ਕੋਈ ਵੀ ਹੋਵੇ, ਇਹ ਦੌਰਾ ਹਰ ਦਿਸ਼ਾ ਵਿਚ ਘੱਟੋ-ਘੱਟ ਦੋ ਸੌ ਮੀਲਾਂ ਦਾ ਹੋਵੇਗਾ।

ਉਨ੍ਹਾਂ ਥਾਵਾਂ ਵਿਚ ਜਿਨ੍ਹਾਂ ਦੀ ਖੋਜ ਕੱਢਣ ਵਾਲਿਆਂ ਨੇ ਜਾਂਚ ਕੀਤੀ ਸੀ **ਹਬਰੋਨ** ਸੀ, ਦੱਖਣ ਵਿਚ ਇਕ ਸ਼ਹਿਰ ਜੋ ਯਰੂਸ਼ਲਮ ਦੇ ਦੱਖਣ-ਪੱਛਮ ਵੱਲ ਲਗਭਗ ਅਠਾਰਾਂ ਮੀਲ ਸੀ। ਇਸ ਥਾਂ ਨੂੰ

ਖ਼ਾਸ ਧਿਆਨ ਮਿਲਿਆ ਸੀ, ਜਾਂ ਤਾਂ ਇਸ ਦੇ ਆਕਾਰ ਦੇ ਕਾਰਣ ਜਾਂ ਅਬਰਾਹਾਮ ਅਤੇ ਉਸ ਦੀ ਅੰਸ ਦੀ ਕਹਾਣੀ ਵਿਚ ਇਸ ਦੇ ਮਹੱਤਵ ਦੇ ਕਾਰਣ (ਉਤਪਤ 13:18; 23:2; 25:9; 35:27-29; 50:13)। ਹਬਰੋਨ ਦੇ ਕੁਝ ਵਾਸੀਆਂ ਦੇ ਨਾਮ ਦਿੱਤੇ ਗਏ ਹਨ ਅਤੇ ਉਨ੍ਹਾਂ ਨੂੰ **ਅਨਾਕ** (עֲנָק, *ਅਨਾਕ)* **ਦੀ ਅੰਸ** ਕਿਹਾ ਗਿਆ ਹੈ। ਏ. ਨੂਰਡਟਜ਼ਿਜ ਨੇ ਦਲੀਲ ਦਿੱਤੀ ਸੀ ਕਿ **ਅਹੀਮਾਨ, ਸ਼ੇਸ਼ਈ ਅਤੇ ਤਲਮਈ** ਵੰਸ਼ਾਂ ਦੇ ਨਾਮ ਹਨ।[5] ਬਾਅਦ ਵਿਚ, ਇਹ ਲੋਕ ਕਾਲੇਬ ਕੋਲੋਂ ਹਾਰ ਜਾਣਗੇ, ਜਿਹੜਾ ਦੋ ਵਫ਼ਾਦਾਰ ਖੋਜ ਕੱਢਣ ਵਾਲਿਆਂ ਵਿੱਚੋਂ ਇਕ ਹੈ ਅਤੇ ਉਹ ਉਨ੍ਹਾਂ ਦੇ ਦੇਸ ਉੱਤੇ ਕਬਜ਼ਾ ਕਰੇਗਾ (ਯਹੋਸ਼ੁਆ 15:13, 14; ਨਿਆਈਆਂ 1:10, 20)।

ਇਕ ਹੋਰ ਪ੍ਰਾਸੰਗਿਕ ਟਿੱਪਣੀ ਵਿਚ, ਪਾਠਕ ਨੂੰ ਦੱਸਿਆ ਗਿਆ ਹੈ ਕਿ **ਹਬਰੋਨ ਮਿਸਰ ਦੇ ਸੋਆਨ ਤੋਂ ਸੱਤ ਵਰ੍ਹੇ ਪਹਿਲਾਂ ਬਣਿਆ ਸੀ**। ਇਸ ਹਵਾਲੇ ਵਿਚ ਘਟਨਾਵਾਂ ਦੀ ਸਹੀ ਮਿਤੀ ਅਨਿਸ਼ਚਤ ਹੈ। "ਸੋਆਨ" ਦੀ ਉੱਤਰੀ-ਪੱਛਮੀ ਡੈਲਟਾ ਵਿਚ ਮਿਸਰੀ ਸ਼ਹਿਰ "ਟਾਨਿਸ" ਨਾਲ ਤੁਲਨਾ ਕਰਨ ਤੋਂ ਬਾਅਦ, ਆਰ. ਕੇ. ਹੈਰੀਸਨ ਨੇ ਆਖਿਆ,

> ਟਾਨਿਸ ਦੀਆਂ ਸ਼ੁਰੂਆਤਾਂ ਦਾ ਗਿਣਤੀ 13:22 ਵਿਚ ਹਵਾਲੇ ਤੋਂ ਇਲਾਵਾ ਨਹੀਂ ਪਤਾ, ਪਰ ਮਿਸਰੀ ਨਵੇਂ ਰਾਜ ਸਮੇਂ ਤੋਂ (ਲਗਭਗ 1570-1150 ਈ.ਪੂ.) ਇਸ ਨੂੰ ਸੀਖੇਤ ਡਜਾ'ਨੈਟ, ਜਾਂ "ਟਾਨਿਸ ਦੀ ਰੜ" ਵਜੋਂ ਜਾਣਿਆ ਗਿਆ ਸੀ, ਜਿਸ ਨੂੰ ਇਬਰਾਨੀ ਵਿਚ ਇਸ ਦਾ ਪ੍ਰਤੀਰੂਪ "ਸੋਅਨ ਦੀ ਰੜ" ਮਿਲਦਾ ਹੈ (ਜ਼ਬੂਰ 78:12, 43)। ਗੁਮਨਾਮ ਸ਼ੁਰੂਆਤ ਤੋਂ ਇਹ ਇਕ ਮਹੱਤਵਪੂਰਣ ਮਿਸਰੀ ਰਾਜਨੀਤਿਕ ਕੇਂਦਰ ਬਣ ਗਿਆ (ਤੁਲਨਾ ਕਰੋ ਯਸਾਯਾਹ 19:11, 13; 30:4; ਹਿਜ਼ਕੀਏਲ 30:14)।[6]

ਹਬਰੋਨ ਦਾ ਕਿੱਤਾ ਲਗਭਗ 3300 ਈ.ਪੂ. ਪੁਰਾਣਾ ਹੈ। ਸਿੱਟੇ ਵਜੋਂ, ਆਇਤ 22 ਵਿਚ ਜਿਸ ਸ਼ਹਿਰ ਦੇ ਬਣਨ ਦਾ ਜ਼ਿਕਰ ਕੀਤਾ ਗਿਆ ਹੈ ਉਹ ਪਹਿਲਾਂ ਬਣੇ ਢਾਚਿਆਂ ਦੀ ਮੁੜ ਤੋਂ ਉਸਾਰੀ ਕਰਨ ਜਾਂ ਉਨ੍ਹਾਂ ਵਿਚ ਵਾਧਾ ਕਰਨ ਦਾ ਹਵਾਲਾ ਦਿੰਦਾ ਹੋਵੇਗਾ।[7] ਸ਼ਾਇਦ ਇਹ ਨਿਰਮਾਣ ਪਰਿਯੋਜਨਾਵਾਂ ਹਿਕਸੋਸ ਦੇ ਸਮੇਂ "ਕਿਤੇ ਨਾ ਕਿਤੇ ਦੂਜੇ ਹਜ਼ਾਰ ਵਰ੍ਹੇ ਈ.ਪੂ. ਦੇ ਅੱਧ ਵਿਚਾਲੇ" ਪੂਰੀਆਂ ਕੀਤੀਆਂ ਗਈਆਂ ਸਨ।[8] ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਇਸ ਪ੍ਰਾਸੰਗਿਕ ਟਿੱਪਣੀ ਦਾ ਉਦੇਸ਼ ਪਾਠਕਾਂ ਨੂੰ ਇਹ ਸਮਝਾਉਣਾ ਸੀ ਕਿ ਹਬਰੋਨ ਕਿੰਨਾ ਪੁਰਾਣਾ ਸੀ।

**ਆਇਤਾਂ 23, 24.** ਹਬਰੋਨ ਦੇ ਨੇੜੇ **ਅਸ਼ਕੋਲ ਦੀ ਦੂਣ** ਵਿਚ, ਖੋਜ ਕੱਢਣ ਵਾਲਿਆਂ ਨੇ ਆਪਣੇ ਨਾਲ ਲੈ ਕੇ ਜਾਣ ਦੇ ਲਈ **ਅਨਾਰ** ਅਤੇ **ਹਜੀਰਾਂ** ਦੇ ਨਮੂਨਿਆਂ ਦੇ ਨਾਲ-ਨਾਲ ਕੁਝ **ਦਾਖ ਦੇ ਗੁੱਛੇ** ਤੋੜ ਲਏ। "ਦੂਣ" ਦਾ ਨਾਮ "ਅਸ਼ਕੋਲ" ਰੱਖਿਆ ਗਿਆ ਸੀ ਜਿਸ ਦਾ ਅਰਥ "ਗੁੱਛਾ" ਹੈ, ਅੰਗੂਰਾਂ ਦੇ **ਉਸ ਗੁੱਛੇ ਦੇ ਕਾਰਨ** ਜਿਹੜਾ ਖੋਜ ਕੱਢਣ ਵਾਲਿਆਂ ਨੇ ਉੱਥੋਂ **ਤੋੜਿਆ** ਸੀ। ਇਹ ਤੱਥ ਕਿ **ਗੁੱਛੇ ਦੀ ਟਹਿਣੀ** ਨੂੰ ਚੁੱਕ ਕੇ ਲਿਆਉਣ ਦੇ ਲਈ **ਦੋ ਮਨੁੱਖਾਂ** ਦੀ ਲੋੜ ਹੁੰਦੀ ਸੀ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਉਹ ਦੇਸ ਕਿੰਨਾ ਫਲਦਾਰ ਸੀ।

## ਖੋਜ ਕੱਢਣ ਵਾਲਿਆਂ ਦੀ ਰਪੋਟ (13:25-33)

ਪਹਿਲੀ ਰਪੋਟ ਜੋ ਦਿੱਤੀ ਗਈ ਹੈ ਉਹ ਦਸ ਖੋਜ ਕੱਢਣ ਵਾਲਿਆਂ ਦੀ ਆਮ ਸਹਿਮਤੀ ਹੈ (13:25-29)। ਉਨ੍ਹਾਂ ਤੋਂ ਬਾਅਦ, ਕਾਲੇਬ ਨੇ ਇਕ ਬਹੁਤ ਹੀ ਵੱਖਰੀ ਰਪੋਟ ਪੇਸ਼ ਕੀਤੀ (13:30-33)। ਉਸ ਦੀ ਘੱਟ ਗਿਣਤੀ ਰਪੋਟ ਦੇ ਪ੍ਰਤੀ ਮੰਡਲੀ ਦੀ ਪ੍ਰਤੀਕਿਰਿਆ ਅਧਿਆਇ 14 ਵਿਚ ਦਿੱਤੀ ਗਈ ਹੈ।

### ਵੱਧ ਗਿਣਤੀ ਰਪੋਟ (13:25-29)

**[25]ਤਾਂ ਓਹ ਉਸ ਦੇਸ ਦਾ ਖੋਜ ਕੱਢ ਕੇ ਚਾਲੀਆਂ ਦਿਨਾਂ ਪਿੱਛੋਂ ਮੁੜੇ। [26]ਓਹ ਤੁਰ ਕੇ ਮੂਸਾ,**
**ਹਾਰੂਨ ਅਤੇ ਇਸਰਾਏਲੀਆਂ ਦੀ ਸਾਰੀ ਮੰਡਲੀ ਕੋਲ ਪਾਰਾਨ ਦੀ ਉਜਾੜ ਵਿੱਚ ਕਾਦੇਸ਼ ਕੋਲ ਆਏ**
**ਅਤੇ ਸਾਰੀ ਮੰਡਲੀ ਲਈ ਖਬਰ ਲਿਆਏ ਨਾਲੇ ਉਸ ਧਰਤੀ ਦਾ ਫਲ ਵਿਖਾਇਆ। [27]ਅਤੇ ਉਨ੍ਹਾਂ**
**ਨੇ ਉਹ ਨੂੰ ਨਿਰਨਾ ਕਰ ਕੇ ਆਖਿਆ ਕਿ ਅਸੀਂ ਉਸ ਦੇਸ ਨੂੰ ਗਏ ਜਿੱਥੇ ਤੈਂ ਸਾਨੂੰ ਘੱਲਿਆ ਸੀ।**
**ਉੱਥੇ ਸੱਚ ਮੁੱਚ ਦੁੱਧ ਅਤੇ ਸ਼ਹਿਤ ਵਗਦਾ ਹੈ ਅਤੇ ਏਹ ਉਹ ਦਾ ਫਲ ਹੈ। [28]ਪਰੰਤੂ ਉਸ ਦੇਸ ਦੇ**
**ਵਾਸੀ ਬਲਵਾਨ ਹਨ ਅਤੇ ਉਸ ਦੇ ਸ਼ਹਿਰ ਗੜ੍ਹਾਂ ਵਾਲੇ ਅਤੇ ਵੱਡੇ ਵੱਡੇ ਹਨ ਨਾਲੇ ਅਸੀਂ ਉੱਥੇ**
**ਅਨਾਕ ਦੀ ਅੰਸ ਨੂੰ ਵੀ ਵੇਖਿਆ। [29]ਉਸ ਦੇਸ ਦੇ ਦੱਖਣ ਵੱਲ ਅਮਾਲੇਕੀ ਵੱਸਦੇ ਹਨ ਅਤੇ ਹਿੱਤੀ,**
**ਯਸੂਬੀ ਅਤੇ ਅਮੋਰੀ ਪਹਾੜ ਉੱਤੇ ਵੱਸਦੇ ਹਨ ਅਤੇ ਕਨਾਨੀ ਸਮੁੰਦਰ ਕੋਲ ਯਰਦਨ ਦੇ ਆਲੇ**
**ਦੁਆਲੇ ਵੱਸਦੇ ਹਨ।**

**ਆਇਤਾਂ 25-27.** ਜਦੋਂ ਉਹ **ਦੇਸ ਦਾ ਖੋਜ ਕੱਢ ਕੇ ਚਾਲੀਆਂ ਦਿਨਾਂ** ਪਿੱਛੋਂ ਮੁੜੇ, ਚੁਣੇ ਹੋਏ ਬਾਰਾਂ ਮਨੁੱਖਾਂ ਨੇ **ਮੂਸਾ, ਹਾਰੂਨ ਅਤੇ ... ਸਾਰੀ ਮੰਡਲੀ** ਨੂੰ ਆਪਣੀ ਰਪੋਟ ਦਿੱਤੀ। ਉਨ੍ਹਾਂ ਨੇ ਉਨ੍ਹਾਂ ਨੂੰ **ਉਸ ਧਰਤੀ ਦਾ ਫਲ ਵਿਖਾਇਆ** ਅਤੇ ਆਖਿਆ, **ਉੱਥੇ ਸੱਚ ਮੁੱਚ ਦੁੱਧ ਅਤੇ ਸ਼ਹਿਤ ਵਗਦਾ ਹੈ**। "ਦੁੱਧ ਅਤੇ ਸ਼ਹਿਤ ਵਗਦਾ ਹੈ" ਇਕ ਕਹਾਵਤ ਹੈ ਜੋ ਦੇਸ ਦੇ ਉਪਜਾਊਪਣ ਅਤੇ ਫਲ ਦੀ ਗੱਲ ਕਰਦੀ ਹੈ। ਅਜਿਹੀ ਸ਼ਬਦਾਵਲੀ ਪੁਰਾਣੇ ਨੇਮ ਵਿਚ ਅਕਸਰ ਮਿਲਦੀ ਹੈ।[9]

**ਆਇਤਾਂ 28, 29.** ਪਰ, ਉਨ੍ਹਾਂ ਨੇ ਇਹ ਰਪੋਟ ਵੀ ਦਿੱਤੀ ਕਿ **ਸ਼ਹਿਰ ਗੜ੍ਹਾਂ ਵਾਲੇ ਅਤੇ ਵੱਡੇ ਵੱਡੇ** ਸਨ ਅਤੇ ਇਹ ਕਿ **ਵਾਸੀ ਬਲਵਾਨ** ਸਨ। ਉਨ੍ਹਾਂ ਨੇ ਉੱਥੇ **ਅਨਾਕ ਦੀ ਅੰਸ ਨੂੰ ਵੀ** ਵੇਖਿਆ ਸੀ। ਅਨਾਕਿਮ ਉਹ ਲੋਕ ਸਨ ਜਿਨ੍ਹਾਂ ਨੇ ਇਸਰਾਏਲੀਆਂ ਦੇ ਕਨਾਨ ਵਿਚ ਪਹੁੰਚਣ ਤੋਂ ਪਹਿਲਾਂ ਉੱਥੇ ਕਬਜ਼ਾ ਕੀਤਾ ਹੋਇਆ ਸੀ। ਉਨ੍ਹਾਂ ਦੀ ਅੰਸ ਅਨਾਕ ਤੋਂ ਸੀ। ਪਰਤੱਖ ਰੂਪ ਵਿਚ, עֲנָק *(ਅਨਾਕ)* ਪਹਿਲਾਂ ਇਕ ਆਮ ਨਾਂਵ ਸੀ ਜਿਸ ਦਾ ਅਰਥ "ਧੌਣ" ਜਾਂ "ਹਾਰ" ਹੈ ਅਤੇ ਹੌਲੀ-ਹੌਲੀ "ਅਨਾਕਿਮ" "ਲੰਬੀ ਧੌਣ ਵਾਲੇ ਲੋਕਾਂ" ਦੇ ਗੋਤ ਦਾ ਨਾਮ ਪੈ ਗਿਆ ਜਿਨ੍ਹਾਂ ਨੂੰ ਦੈਂਤ ਸਮਝਿਆ ਗਿਆ ਸੀ। ਗਰਾਲਡ ਐਲ. ਮੈਟਿੰਗਲੀ ਨੇ ਆਖਿਆ, "ਬਾਈਬਲ ਦੇ ਸਾਰੇ ਸੰਦਰਭ ਇਸ ਗੱਲ ਨਾਲ ਸਹਿਮਤ ਹਨ ਕਿ ਅਨਾਕ ਦੀ ਅੰਸ ਲੰਬੀ, ਆਕਾਰ ਵਿਚ ਬਹੁਤ ਵੱਡੀ ਸੀ (ਬਿਵਸਥਾ ਸਾਰ 2:10, 21; 9:2)।"[10] ਯਹੋਸ਼ੁਆ 11:21, 22; 1 ਸਮੂਏਲ 17 ਅਤੇ 2 ਸਮੂਏਲ 21:18-22 ਫਲਿਸਤੀ ਇਲਾਕੇ ਵਿਚ ਦੈਂਤਾਂ ਦਾ ਵਰਣਨ ਕਰਦੇ ਹਨ।

ਇਸ ਤੋਂ ਇਲਾਵਾ, ਉਨ੍ਹਾਂ ਨੇ ਘੋਸ਼ਣਾ ਕੀਤੀ ਕਿ ਪੂਰੇ ਦੇਸ ਵਿਚ **ਦੱਖਣ ਵੱਲ ਅਮਾਲੇਕੀ**; **ਹਿੱਤੀ, ਯਸੂਬੀ ਅਤੇ ਅਮੋਰੀ ... ਪਹਾੜ ਉੱਤੇ** ਅਤੇ **ਕਨਾਨੀ ਸਮੁੰਦਰ ਕੋਲ ਯਰਦਨ ਦੇ ਆਲੇ ਦੁਆਲੇ** ਵੱਸਦੇ ਹਨ। ਥੋੜ੍ਹੇ ਸ਼ਬਦਾਂ ਵਿਚ, ਉਨ੍ਹਾਂ ਦੀ ਰਪੋਟ ਕੁਝ ਇਸ ਤਰ੍ਹਾਂ ਦੀ ਜਾਪਦੀ ਸੀ:

1. ਦੇਸ - ਇਹ ਚੰਗਾ ਅਤੇ ਫਲਦਾਰ ਸੀ।
2. ਲੋਕ - ਉਹ ਅਨੇਕ ਅਤੇ ਬਲਵਾਨ ਸਨ, ਪੂਰੇ ਦੇਸ ਵਿਚ ਖਿੰਡੇ ਹੋਏ ਸਨ।
3. ਸ਼ਹਿਰ - ਉਹ ਗੜ੍ਹਾਂ ਵਾਲੇ ਅਤੇ ਵੱਡੇ ਵੱਡੇ ਸਨ।

### ਘੱਟ ਗਿਣਤੀ ਰਪੋਟ (13:30-33)

**[30]ਤਾਂ ਕਾਲੇਬ ਨੇ ਮੂਸਾ ਦੇ ਅੱਗੇ ਪਰਜਾ ਨੂੰ ਚੁੱਪ ਕਰਾਇਆ ਅਤੇ ਆਖਿਆ, ਜਰੂਰ ਅਸੀਂ**
**ਉੱਪਰ ਜਾਈਏ ਅਤੇ ਉਸ ਦੇਸ ਉੱਤੇ ਕਬਜ਼ਾ ਕਰੀਏ ਕਿਉਂ ਜੋ ਅਸੀਂ ਉਹ ਦੇ ਉੱਤੇ ਕਬਜ਼ਾ ਕਰ**
**ਸੱਕਦੇ ਹਾਂ। ਅਸੀਂ ਜਰੂਰ ਹੀ ਉਹ ਦੇ ਉੱਤੇ ਕਬਜ਼ਾ ਕਰ ਸੱਕਦੇ ਹਾਂ! [31]ਪਰ ਉਨ੍ਹਾਂ ਮਨੁੱਖਾਂ ਨੇ ਜਿਹੜੇ**

**ਉਹ ਦੇ ਨਾਲ ਉੱਪਰ ਗਏ ਸਨ ਆਖਿਆ ਭਈ ਅਸੀਂ ਉਨ੍ਹਾਂ ਲੋਕਾਂ ਦੇ ਵਿਰੁੱਧ ਉੱਪਰ ਨਹੀਂ ਜਾ ਸੱਕਦੇ ਕਿਉਂ ਜੋ ਓਹ ਸਾਥੋਂ ਬਲਵਾਨ ਹਨ। [32]ਓਹ ਇਸਰਾਏਲੀਆਂ ਕੋਲ ਉਸ ਦੇਸ ਦੀ ਬੁਰੀ ਖਬਰ ਲਿਆਏ ਜਿਹ ਦਾ ਉਨ੍ਹਾਂ ਨੇ ਖੋਜ ਕੱਢਿਆ ਸੀ ਅਤੇ ਆਖਣ ਲੱਗੇ ਕਿ ਜਿਸ ਦੇਸ ਦੇ ਵਿੱਚ ਦੀ ਅਸੀਂ ਲੰਘੇ ਭਈ ਉਸ ਦਾ ਖੋਜ ਕੱਢੀਏ ਅਜੇਹਾ ਦੇਸ ਹੈ ਜਿਹੜਾ ਆਪਣੇ ਵਾਸੀਆਂ ਨੂੰ ਖਾਂਦਾ ਹੈ ਨਾਲੇ ਸਾਰੇ ਲੋਕ ਜਿਨ੍ਹਾਂ ਨੂੰ ਅਸਾਂ ਉਸ ਵਿੱਚ ਵੇਖਿਆ ਵੱਡੇ-ਵੱਡੇ ਕੱਦਾਂ ਵਾਲੇ ਮਨੁੱਖ ਹਨ [33]ਅਤੇ ਉੱਥੇ ਅਸਾਂ ਨਫੀਲੀਮ ਤੋਂ ਜਿਹੜੀ ਅਨਾਕ ਦੀ ਅੰਸ ਹੈ ਦੈਂਤ ਵੇਖੇ ਅਤੇ ਅਸੀਂ ਆਪਣੀ ਨਿਗਾਹ ਵਿੱਚ ਟਿੱਡਿਆਂ ਵਰਗੇ ਸਾਂ ਅਤੇ ਉਨ੍ਹਾਂ ਦੀ ਨਿਗਾਹ ਵਿੱਚ ਵੀ ਅਸੀਂ ਏਵੇਂ ਹੀ ਸਾਂ।**

**ਆਇਤ 30.** ਇਸ ਸਮੇਂ, ਖੋਜ ਕੱਢਣ ਵਾਲਿਆਂ ਦੁਆਰਾ ਨਾ ਕੋਈ ਸਿਫਾਰਸ਼ ਕੀਤੀ ਗਈ ਨਾ ਹੀ ਮੰਡਲੀ ਦੁਆਰਾ ਕੋਈ ਪ੍ਰਤੀਕਿਰਿਆ ਦਿੱਤੀ ਗਈ ਹੈ। ਤਾਂ ਵੀ, ਰਪੋਟ ਦੇ ਨਕਾਰਾਤਮਕ ਰੁਖ਼ ਨੇ ਸੁਣਨ ਵਾਲਿਆਂ ਨੂੰ ਪਰੇਸ਼ਾਨ ਕਰ ਦਿੱਤਾ ਹੋਵੇਗਾ ਕਿਉਂਕਿ ਬੰਦ ਅੱਗੇ ਇਹ ਆਖਦਾ ਹੈ ਕਿ **ਕਾਲੇਬ ਨੇ ਪਰਜਾ ਨੂੰ ਚੁੱਪ ਕਰਾਇਆ**। ਇਸਰਾਏਲੀਆਂ ਨੇ ਅਜਿਹੇ ਸ਼ਕਤੀਸ਼ਾਲੀ ਦੁਸ਼ਮਣਾਂ ਤੇ ਜਿੱਤ ਪਾਉਣ ਦੀ ਕੋਸ਼ਿਸ਼ ਕਰਨ ਦੇ ਵਿਚਾਰ ਤੇ ਨਿਰਾਸ਼ ਹੋ ਕੇ ਦੁਹਾਈ ਦਿੱਤੀ ਹੋਵੇਗੀ। ਕਾਲੇਬ ਹੋਰਨਾਂ ਖੋਜ ਕੱਢਣ ਵਾਲਿਆਂ ਨੇ ਜੋ ਸਥਿਤੀ ਦਾ ਮੁਲਾਂਕਣ ਕੀਤਾ ਸੀ ਉਸ ਨਾਲ ਅਸਹਿਮਤ ਨਹੀਂ ਹੋਇਆ। ਉਸ ਨੇ ਸਿਰਫ ਇਹ ਆਖਿਆ, **ਅਸੀਂ ਜਰੂਰ ਹੀ ਉਹ ਦੇ ਉੱਤੇ ਕਬਜ਼ਾ ਕਰ ਸੱਕਦੇ ਹਾਂ!** ਬਾਅਦ ਵਿਚ ਉਸ ਨੇ ਸਮਝਾਇਆ ਕਿ ਉਸ ਦਾ ਇਹ ਕਿਉਂ ਮੰਨਣਾ ਸੀ ਕਿ ਇਸਰਾਏਲ ਉਸ ਧਰਤੀ ਤੇ ਕਬਜ਼ਾ ਕਰ ਸਕਦਾ ਸੀ: "ਜੇ ਯਹੋਵਾਹ ਸਾਡੇ ਨਾਲ ਪਰਸੰਨ ਹੈ ਤਾਂ ਉਹ ਸਾਨੂੰ ਏਸ ਧਰਤੀ ਵਿੱਚ ਲੈ ਜਾਵੇਗਾ ਅਤੇ ਸਾਨੂੰ ਦੇ ਦੇਵੇਗਾ" (14:8)। ਕਾਲੇਬ (ਅਤੇ ਯਹੋਸ਼ੁਆ, ਅੱਗੇ ਜਾ ਕੇ ਮੂਲ ਲਿਖਤ ਦੱਸਦੀ ਹੈ) ਨੂੰ ਇਹ ਵਿਸ਼ਵਾਸ ਸੀ ਕਿ ਪਰਮੇਸ਼ੁਰ ਉਨ੍ਹਾਂ ਰੁਕਾਵਟਾਂ ਨੂੰ ਦੂਰ ਕਰ ਸਕਦਾ ਸੀ ਜੋ ਇਸਰਾਏਲ ਦੇ ਸਾਹਮਣੇ ਖੜ੍ਹੀਆਂ ਜਾਪਦੀਆਂ ਸਨ।

**ਆਇਤਾਂ 31-33.** ਦਸ ਖੋਜ ਕੱਢਣ ਵਾਲਿਆਂ ਨੇ ਕਾਲੇਬ ਦੀ ਇਸ ਗੱਲ ਨੂੰ ਠੁਕਰਾ ਦਿੱਤਾ ਸੀ ਕਿ ਇਸਰਾਏਲ ਧਰਤੀ ਉੱਤੇ ਕਬਜ਼ਾ ਕਰਨ ਵਿਚ ਸਮਰੱਥ ਹੈ, ਇਹ ਕਹਿੰਦੇ ਹੋਏ ਕਿ **ਅਸੀਂ ਉਨ੍ਹਾਂ ਲੋਕਾਂ ਦੇ ਵਿਰੁੱਧ ਉੱਪਰ ਨਹੀਂ ਜਾ ਸੱਕਦੇ ਕਿਉਂ ਜੋ ਓਹ ਸਾਥੋਂ ਬਲਵਾਨ ਹਨ।** ਫਿਰ ਉਨ੍ਹਾਂ ਨੇ ਦੇਸ ਦੀ **ਬੁਰੀ ਖਬਰ** (דִּבָּה, *ਡਿਬਬਾਹ)* ਦੇਣ ਦੁਆਰਾ ਉਨ੍ਹਾਂ ਦੀ ਯੋਗਤਾ ਦੇ ਨਕਾਰਾਤਮਕ ਵਿਚਾਰ ਦਾ ਸਮਰਥਨ ਕੀਤਾ। "ਬੁਰੀ ਖਬਰ" ਦੀ ਥਾਂ "ਝੂਠੀ ਖਬਰ" ਇਕ ਬਿਹਤਰ ਅਨੁਵਾਦ ਹੋ ਸਕਦਾ ਹੈ। ਦਸ ਖੋਜ ਕੱਢਣ ਵਾਲਿਆਂ ਦੇ ਇਨ੍ਹਾਂ ਸ਼ਬਦਾਂ ਨੂੰ "*ਬੁਰੀ ਖਬਰ* ਨਾਲ ਸੰਵਾਰਿਆ ਗਿਆ ਸੀ" ਮਤਲਬ, ਗੋਰਡਨ ਜੇ. ਵੈਨਹਮ ਅਨੁਸਾਰ, "ਉਨ੍ਹਾਂ ਨੇ ਨਾ ਸਿਰਫ ਧਰਤੀ ਦਾ ਬੁਰੀ ਧਰਤੀ ਦੇ ਰੂਪ ਵਿਚ ਵਰਣਨ ਕੀਤਾ, ਪਰ ਇਹ ਕਿ ਇਸ ਦੇ ਬਾਰੇ ਉਨ੍ਹਾਂ ਦੇ ਇਲਜਾਮ ਗਲਤ ਹਨ (TEV ਬਾਈਬਲ ਨਾਲ ਤੁਲਨਾ ਕਰੋ ਜਿਸ ਵਿਚ ਲਿਖਿਆ ਹੈ 'ਝੂਠੀ ਰਪੋਟ')।"[11] ਵੱਖ-ਵੱਖ ਅਨੁਵਾਦ ਰਪੋਟ ਦਾ "ਦੇਸ ਨੂੰ ਨਿੰਦਣ ਵਾਲੀ" ਦੇ ਰੂਪ ਵਿਚ (NJB), "ਨਿਰਾਸ਼ ਕਰਨ ਵਾਲੀ" ਦੇ ਰੂਪ ਵਿਚ (REB), ਜਾਂ "ਬੁਰੀ" ਦੇ ਰੂਪ ਵਿਚ (KJV) ਜਾਂ "ਨਾਕਾਰਾਤਮਕ" ਦੇ ਰੂਪ ਵਿਚ (NRSV) ਗੱਲ ਕਰਦੇ ਹਨ।

ਦਸ ਖੋਜ ਕੱਢਣ ਵਾਲਿਆਂ ਨੇ ਦੋ ਤਰੀਕਿਆਂ ਨਾਲ ਦੇਸ ਦੀ ਨਿੰਦਾ ਕੀਤੀ ਸੀ। ਪਹਿਲਾਂ, ਉਨ੍ਹਾਂ ਨੇ ਦਾਅਵਾ ਕੀਤਾ ਸੀ ਕਿ ਇਹ **ਆਪਣੇ ਵਾਸੀਆਂ ਨੂੰ ਖਾਂਦਾ ਹੈ**। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਇਹ ਦਾਅਵਾ ਉਨ੍ਹਾਂ ਦੀ ਮੁਢਲੀ ਰਪੋਟ ਦਾ ਖੰਡਣ ਕਰਦਾ ਸੀ ਜਿਸ ਵਿਚ ਉਨ੍ਹਾਂ ਨੇ ਆਖਿਆ ਸੀ ਕਿ ਉਸ ਦੇਸ ਵਿਚ "ਦੁੱਧ ਅਤੇ ਸ਼ਹਿਤ" ਵਗਦਾ ਹੈ (13:27)। ਇਹ ਇਸ ਤੱਥ ਦਾ ਹਵਾਲਾ ਦਿੰਦਾ ਹੋਵੇਗਾ ਕਿ ਕਨਾਨ ਲਗਾਤਾਰ ਇਕ ਯੁੱਧ ਦਾ ਮੈਦਾਨ ਸੀ।[12] ਭਾਵੇਂ ਇਹ ਖੋਜ ਕੱਢਣ ਵਾਲੇ ਕਨਾਨ ਵਿਚ ਯੁੱਧ ਦੌਰਾਨ ਮਾਰੇ ਗਏ ਲੋਕਾਂ ਦੀ ਗਿਣਤੀ ਦਾ ਹਵਾਲਾ ਦੇ ਰਹੇ ਸਨ, ਉਨ੍ਹਾਂ ਦੀ ਰਪੋਟ ਹਾਲੇ

ਵੀ ਆਤਮ-ਵਿਰੋਧਾਭਾਸੀ ਹੈ, ਕਿਉਂਕਿ ਉਨ੍ਹਾਂ ਯੁੱਧਾਂ ਨੇ ਵਾਸੀਆਂ ਨੂੰ ਗਿਣਤੀ ਵਿਚ ਵਧਣ ਜਾਂ ਗੜ੍ਹਾਂ ਵਾਲੇ ਵੱਡੇ-ਵੱਡੇ ਸ਼ਹਿਰਾਂ ਵਿਚ ਰਹਿਣ ਤੋਂ ਨਹੀਂ ਸੀ ਰੋਕਿਆ। ਦੂਜੀ ਗੱਲ, ਉਨ੍ਹਾਂ ਨੇ ਲੋਕਾਂ ਦੀ ਗਿਣਤੀ ਨੂੰ ਵਧਾ ਚੜ੍ਹਾ ਕੇ ਦੱਸਿਆ, ਇਹ ਕਹਿੰਦੇ ਹੋਏ ਕਿ ਉਨ੍ਹਾਂ ਦੇ ਵਿਚ **ਨਫੀਲੀਮ** (נְפִילִים) ਰਹਿੰਦੇ ਸਨ ਜੋ ਕਿ ਦੈਂਤਾਂ ਦੀ ਇਕ ਨਸਲ ਸੀ। ਉਨ੍ਹਾਂ ਨੇ ਇਹ ਜ਼ੋਰ ਦਿੰਦੇ ਹੋਏ ਇਹ ਸਿੱਟਾ ਕੱਢਿਆ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਅਸੀਂ ਉਨ੍ਹਾਂ ਦੇ ਅੱਗੇ **ਟਿੱਡਿਆਂ ਵਰਗੇ** ਹਾਂ। ਉਨ੍ਹਾਂ ਨੇ ਕਲਪਨਾ ਕੀਤੀ ਸੀ ਕਿ ਉਨ੍ਹਾਂ ਦੇ ਦੁਸ਼ਮਣ ਉਨ੍ਹਾਂ ਨੂੰ ਟਿੱਡਿਆ ਵਰਗੇ ਸਮਝਦੇ ਹਨ। ਉਨ੍ਹਾਂ ਨੇ ਦਾਅਵਾ ਕੀਤਾ ਕਿ ਇਸਰਾਏਲ ਵਰਗੇ ਮਾਮੂਲੀ ਲੋਕ ਕਦੇ ਵੀ ਉਸ ਦੇਸ ਤੇ ਕਬਜ਼ਾ ਨਹੀਂ ਕਰ ਸਕਦੇ ਜਿੱਥੇ ਦੈਂਤ ਵੱਸਦੇ ਹਨ।

# ਪ੍ਰਾਸੰਗਿਕਤਾ

## "ਦੇਸ ਦੀ ਖੋਜ ਕੱਢਣ" ਦੀ ਸ਼ੁਰੂਆਤ (13:1-3)

ਬਿਵਸਥਾ ਸਾਰ 1:22, 23 ਅਨੁਸਾਰ, ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਦੇਸ ਦੀ ਖੋਜ ਕੱਢਣ ਦੇ ਵਿਚਾਰ ਦੀ ਸ਼ੁਰੂਆਤ ਲੋਕਾਂ ਤੋਂ ਹੋਈ ਸੀ। ਪਰਮੇਸ਼ੁਰ ਨੇ (ਖੁਦ ਖੋਜ ਕੱਢਣ ਵਾਲਿਆਂ ਨੂੰ ਚੁਣਨ ਦੀ ਬਜਾਇ) ਮੂਸਾ ਨੂੰ ਖੋਜ ਕੱਢਣ ਵਾਲਿਆਂ ਨੂੰ ਚੁਣਨ ਦੇ ਲਈ ਆਖਿਆ ਸੀ, ਜਿਸ ਤੋਂ ਇਹ ਲੱਗਦਾ ਹੈ ਕਿ ਪਰਮੇਸ਼ੁਰ ਨੇ ਇਸ ਦੀ ਮਨਜ਼ੂਰੀ ਨਹੀਂ ਸੀ ਦਿੱਤੀ। ਗਿਣਤੀ ਦੀ ਪੁਸਤਕ ਵਿਚ ਇਕ ਹੋਰ ਮਾਮਲੇ ਵਿਚ, ਪਰਮੇਸ਼ੁਰ ਨੇ ਕਿਸੇ ਵਿਅਕਤੀ ਨੂੰ ਕੁਝ ਅਜਿਹਾ ਕਰਨ ਦਾ ਇਖ਼ਤਿਆਰ ਦਿੱਤਾ ਸੀ ਜੋ ਅਸਲ ਵਿਚ ਪਰਮੇਸ਼ੁਰ ਨੂੰ ਪਰਵਾਨ ਨਹੀਂ ਸੀ (22:20-22)। ਰੋਏ ਗੇਨ ਨੇ ਸੁਝਾਅ ਦਿੱਤਾ ਸੀ ਕਿ ਗਿਣਤੀ ਦੀ ਪੁਸਤਕ ਅਤੇ ਬਿਵਸਥਾ ਸਾਰ ਦੀ ਪੁਸਤਕ ਵਿਚ ਜੋ ਵਿਰਤਾਂਤ ਹਨ ਵੱਖੋ-ਵੱਖਰੇ ਹਨ; ਜੇਕਰ ਲੋਕਾਂ ਨੇ ਮੂਸਾ ਨੂੰ ਪੁੱਛਿਆ ਸੀ, ਉਸ ਨੇ ਪਰਮੇਸ਼ੁਰ ਨੂੰ ਪੁੱਛਿਆ ਹੋਵੇਗਾ ਅਤੇ ਇਸ ਮੁਹਿੰਮ ਦਾ ਕਾਰਣ ਫਿਰ ਜਾਂ ਤਾਂ ਪਰਮੇਸ਼ੁਰ ਜਾਂ ਮਨੁੱਖ ਦੇ ਨਾਵੇਂ ਲਾਇਆ ਜਾ ਸਕਦਾ ਸੀ।[13] ਨੂਰਡਟਜ਼ਿਜ ਨੇ ਆਖਿਆ ਕਿ "ਗਿਣਤੀ ਦੀ ਪੁਸਤਕ 'ਪਹਿਲੇ ਕਾਰਣ' [ਪਰਮੇਸ਼ੁਰ ਦੇ ਹੁਕਮ] ਤੇ ਕੇਂਦਰਿਤ ਹੈ, ਜਦ ਕਿ ਬਿਵਸਥਾ ਸਾਰ ਦੂਜੇ ਕਾਰਣ [ਇਸਰਾਏਲ ਦੇ ਫ਼ੈਸਲੇ] ਦਾ ਵਰਣਨ ਕਰਦੀ ਹੈ ...।"[14]

## ਦੈਂਤਾਂ ਨਾਲ ਲੜਨਾ (13:25-33)

ਜਦੋਂ ਦਸ ਖੋਜ ਕੱਢਣ ਵਾਲਿਆਂ ਨੇ ਵਾਪਸ ਆ ਕੇ ਮੂਸਾ ਨੂੰ ਰਪੋਟ ਦਿੱਤੀ, ਅਸਲ ਵਿਚ, ਉਨ੍ਹਾਂ ਨੇ ਆਖਿਆ ਕਿ ਕਨਾਨ ਦੇਸ ਦੈਂਤਾਂ ਨਾਲ ਭਰਿਆ ਪਿਆ ਹੈ (13:28, 32, 33)। ਇਹੀ ਕਾਰਣ ਸੀ ਕਿ ਉਨ੍ਹਾਂ ਨੇ ਮੰਨ ਲਿਆ ਸੀ ਕਿ ਉਹ ਇਸ ਤੇ ਕਬਜ਼ਾ ਨਹੀਂ ਸੀ ਕਰ ਸਕਦੇ। ਉਹ ਗਲਤ ਸਨ ਕਿਉਂਕਿ ਪਰਮੇਸ਼ੁਰ ਉਨ੍ਹਾਂ ਨੂੰ ਦੈਂਤਾਂ ਉੱਤੇ ਜਿੱਤ ਪਾਉਣ ਦੇ ਯੋਗ ਬਣਾ ਸਕਦਾ ਸੀ (14:8, 9)। ਦੈਂਤਾਂ ਉੱਤੇ ਜਿੱਤ ਪਾਉਣ ਵਿਚ ਲੋਕਾਂ ਦੀ ਸਹਾਇਤਾ ਕਰਨ ਦੀ ਪਰਮੇਸ਼ੁਰ ਦੀ ਯੋਗਤਾ ਦੀ ਮਿਸਾਲ ਦਾਊਦ ਅਤੇ ਗੋਲਿਅਥ ਦੀ ਕਹਾਣੀ ਦੁਆਰਾ ਦਿੱਤੀ ਗਈ ਹੈ (1 ਸਮੂਏਲ 17)। ਉਸੇ ਤਰ੍ਹਾਂ, ਅਸੀਂ ਇਹੋ ਜਿਹੇ ਹਾਲਾਤਾਂ ਦਾ ਸਾਹਮਣਾ ਕਰ ਸਕਦੇ ਹਾਂ ਜਿਨ੍ਹਾਂ ਦਾ ਨਤੀਜਾ ਸਾਨੂੰ ਡਰ ਲੱਗਦਾ ਹੈ ਕਿ ਨਿਸ਼ਚਤ ਹਾਰ ਹੋਵੇਗਾ। ਜਦੋਂ ਅਸੀਂ ਇਹੋ ਜਿਹੀਆਂ ਰੁਕਾਵਟਾਂ ਦਾ ਸਾਹਮਣੇ ਕਰਦੇ ਹਾਂ, ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਅਸੀਂ ਜਿੱਤ ਪਾਉਣ ਦੇ ਯੋਗ ਹਾਂ ਕਿਉਂਕਿ ਪਰਮੇਸ਼ੁਰ ਸਾਡੀ ਵੱਲ ਹੈ। ਸਾਨੂੰ ਉਸ ਤੇ ਭਰੋਸਾ ਕਰਨਾ ਚਾਹੀਦਾ ਹੈ, ਉਸ ਦੀ ਮਰਜ਼ੀ ਪੂਰੀ ਕਰਨੀ ਚਾਹੀਦੀ ਹੈ ਅਤੇ ਨਿਹਚਾ ਨਾਲ ਅੱਗੇ ਕਦਮ ਵਧਾਉਣਾ ਚਾਹੀਦਾ ਹੈ, ਇਹ ਵਿਸ਼ਵਾਸ ਕਰਦੇ ਹੋਏ ਕਿ ਉਹ ਸਾਨੂੰ ਜਿੱਤ ਦੇਵੇਗਾ!

**ਟਿੱਡਿਆਂ ਵਾਲੀ ਭਾਵਨਾ (13:33)**

ਦਸ ਖੋਜ ਕੱਢਣ ਵਾਲਿਆਂ ਨੇ ਆਖਿਆ, “ਅਸੀਂ ਆਪਣੀ ਨਿਗਾਹ ਵਿੱਚ ਟਿੱਡਿਆਂ ਵਰਗੇ ਸਾਂ ਅਤੇ ਉਨ੍ਹਾਂ ਦੀ ਨਿਗਾਹ ਵਿੱਚ ਵੀ ਅਸੀਂ ਏਵੇਂ ਹੀ ਸਾਂ” (13:33)। ਜਿਵੇਂ ਖੋਜ ਕੱਢਣ ਵਾਲਿਆਂ ਨੇ ਆਪਣੇ ਆਪ ਨੂੰ ਵੇਖਿਆ, ਦੂਜਿਆਂ ਨੇ ਉਨ੍ਹਾਂ ਨੂੰ ਉਸੇ ਤਰ੍ਹਾਂ ਦਾ ਸਮਝਿਆ। ਉਸੇ ਤਰ੍ਹਾਂ, ਸਾਡੇ ਆਤਮ-ਬੋਧ ਕਾਫੀ ਹੱਦ ਤੱਕ ਇਹ ਤੈਅ ਕਰਦੇ ਹਨ ਕਿ ਦੂਜੇ ਸਾਨੂੰ ਕਿਵੇਂ ਵੇਖਦੇ ਹਨ। ਮਸੀਹੀ ਲੋਕਾਂ ਨੂੰ ਉਸੇ ਤਰ੍ਹਾਂ ਦਾ ਆਤਮ-ਭਰੋਸਾ ਵਿਖਾਉਣਾ ਚਾਹੀਦਾ ਹੈ ਜਿਵੇਂ ਦਾ ਪੌਲੁਸ ਨੇ ਵਿਖਾਇਆ ਸੀ ਜਦੋਂ ਉਸ ਨੇ ਆਖਿਆ, “ਉਹ ਦੇ ਵਿੱਚ ਜੋ ਮੈਨੂੰ ਬਲ ਦਿੰਦਾ ਹੈ ਮੈਂ ਸੱਭੋ ਕੁਝ ਕਰ ਸੱਕਦਾ ਹਾਂ” (ਫ਼ਿਲਿੱਪੀਆਂ 4:13)। ਸਾਨੂੰ ਉਸੇ ਤਰ੍ਹਾਂ ਦਾ ਰਵੱਈਆ ਅਪਨਾਉਣਾ ਚਾਹੀਦਾ ਹੈ ਜੋ ਉਸ ਨੇ ਵਿਅਕਤ ਕੀਤਾ ਸੀ ਜਦੋਂ ਉਸ ਨੇ ਲਿਖਿਆ, “ਜਦੋਂ ਪਰਮੇਸ਼ੁਰ ਸਾਡੀ ਵੱਲ ਹੈ ਤਾਂ ਕੌਣ ਸਾਡੇ ਵਿਰੁੱਧ ਹੋਵੇਗਾ?” (ਰੋਮੀਆਂ 8:31)। ਉਸ ਕਿਸਮ ਦਾ ਸ਼ਾਂਤ ਆਤਮ-ਭਰੋਸਾ - ਉਸ ਕਿਸਮ ਦੀ ਕੋਮਲ ਸਮਰੱਥਾ, ਪਰਮੇਸ਼ੁਰ ਵਿਚ ਸਾਡੀ ਨਿਹਚਾ ਵਿਚ ਕਾਇਮ ਅਤੇ ਉਸ ਦੇ ਪ੍ਰਤੀ ਸਾਡੇ ਮਹੱਤਵ ਦੀ ਸਾਡੀ ਸਮਝ - ਸੰਭਵ ਤੌਰ ਤੇ ਦੂਜਿਆਂ ਦੁਆਰਾ ਸਾਨੂੰ ਆਦਰ ਦਿੱਤੇ ਜਾਣ ਦਾ ਸਬੱਬ ਬਣੇਗਾ (ਭਾਵੇਂ ਉਹ ਸਾਡੇ ਸੰਦੇਸ਼ ਨੂੰ ਸਵੀਕਾਰ ਨਹੀਂ ਕਰਦੇ ਹਨ)। ਆਓ ਅਸੀਂ “ਟਿੱਡਿਆਂ ਵਾਲੀ ਭਾਵਨਾ” ਤੋਂ ਬਚੀਏ!

---

ਟਿੱਪਣੀਆਂ

[1]ਇਨ੍ਹਾਂ ਅਧਿਆਵਾਂ ਦੀਆਂ ਘਟਨਾਵਾਂ ਦਾ ਵਰਣਨ ਗਿਣਤੀ 32; ਬਿਵਸਥਾ ਸਾਰ 1:20-40; 8:2; ਜ਼ਬੂਰਾਂ 95:10; 106:24-27 ਅਤੇ ਆਮੋਸ 2:10; 5:25 ਵਿਚ ਕੀਤਾ ਗਿਆ ਹੈ। ਉਨ੍ਹਾਂ ਦਾ ਜ਼ਿਕਰ ਨਵੇਂ ਨੇਮ ਵਿਚ ਵੀ ਕੀਤਾ ਗਿਆ ਹੈ (1 ਕੁਰਿੰਥੀਆਂ 10:1-5; ਇਬਰਾਨੀਆਂ 3:7-4:13)। [2]ਹੋਰ ਬੰਦ ਇਹ ਸੰਕੇਤ ਦਿੰਦੇ ਜਾਪਦੇ ਹਨ ਕਾਦੇਸ਼ ਪਾਰਾਨ ਦੀ ਉਜਾੜ ਅਤੇ ਸੀਨ ਦੀ ਉਜਾੜ ਦੀ ਹੱਦ ਤੇ ਸੀ (13:21; 20:1)। [3]ਏ. ਨੂਰਡਟਜ਼ਿਜ, *ਗਿਣਤੀ*, ਦੀ ਪੁਸਤਕ ਬਾਈਬਲ ਕਮੈਂਟਰੀ, ਅਨੁਵਾਦ ਐਡ ਵੈਬ ਡਰ ਮਾਸ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ ਪਬਲਿਸ਼ਿੰਗ ਹਾਊਸ, 1983), 114. [4]ਜੌਨ ਐਚ. ਵਾਲਟਨ, ਵਿਕਟਰ ਐਚ. ਮੈਥਿਊਜ ਅਤੇ ਮਾਰਕ ਡਬਲਿਯੂ. ਚਾਵਾਲਸ, *ਦਿ ਆਈਵੀਪੀ ਬਾਈਬਲ ਬੈਕਗਰਾਊਂਡ ਕਮੈਂਟਰੀ: ਓਲਡ ਟੈਸਟਾਮੈਂਟ* (ਡਾਊਨਰਸ ਗਰੋਵ, ਇਲੀਨੋਇਸ: ਇੰਟਰਵਰਸਿਟੀ ਪ੍ਰੈਸ, 2000), 150. [5]ਨੂਰਡਟਜ਼ਿਜ, 117. [6]ਆਰ. ਕੇ. ਹੈਰੀਸਨ, *ਨੰਬਰਸ: ਐਨ ਐਕਸਜੈਟੀਕਲ ਕਮੈਂਟਰੀ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕ ਹਾਊਸ, 1992), 205. [7]ਉਸੇ ਸਥਾਨ ਤੇ, 206. [8]ਟਿਮੋਥੀ ਆਰ. ਐਸ਼ਲੀ, *ਦ ਬੁਕ ਆਫ਼ ਨੰਬਰਸ*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1993), 238. [9]ਵੇਖੋ ਕੂਚ 3:8, 17; 13:5; 33:3; ਲੇਵੀਆਂ 20:24; ਗਿਣਤੀ 14:8; 16:14; ਬਿਵਸਥਾ ਸਾਰ 6:3; 11:9; 26:9, 15; 27:3; 31:20; ਯਹੋਸ਼ੁਆ 5:6; ਯਿਰਮਿਯਾਹ 11:5; 32:22; ਹਿਜ਼ਕੀਏਲ 20:6, 15. [10]ਗਰਾਲਡ ਐਲ. ਮੈਟਿੰਗਲੀ ਦੀ ਪੁਸਤਕ *ਦਿ ਐਂਕਰ ਬਾਈਬਲ ਡਿਕਸ਼ਨਰੀ*, ਸੰਪਾ. ਡੇਵਿਡ ਨੋਏਲ ਫਰੀਡਮੈਨ (ਨਿਊ ਯਾਰਕ: ਡੱਬਲਡੇਅ, 1992) ਵਿਚ ਸਫ਼ਾ 1:222 ਤੇ “ਅਨਾਕ” ਹੈ।

[11]ਗੋਰਡਨ ਜੇ. ਵੈਨਹਮ ਦੀ ਪੁਸਤਕ ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1981) ਵਿਚ ਸਫ਼ਾ 120 ਤੇ *ਗਿਣਤੀ* ਹੈ। [12]ਨੂਰਡਟਜ਼ਿਜ, 120. [13]ਰੌਏ ਗੇਨ, *ਲੇਵੀਆਂ ਦੀ ਪੋਥੀ, ਗਿਣਤੀ*, ਦ ਐਨਆਈਵੀ ਐਪਲੀਕੇਸ਼ਨ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ, 2004), 598-99. [14]ਨੂਰਡਟਜ਼ਿਜ, 113.